This question paper contains 4 printed pages]

*Your Roll No.............*

**4640**

**B.A. (PROGRAMME)/II** C

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time : 3 Hours* *Maximum Marks : 75*

(*Write your Roll No. on the top immediately on receipt of this question paper*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਲਿਖੋ : 15

   (*i*) ਕਦੋਂ ਚਾਹਿਆ ਸੀ – ਜਗਤਾਰ ਢਾਅ

   (*ii*) ਮੁਰਗੀ ਜਿਉੜੇ – ਧਨੀਰਾਮ ਚਾਤ੍ਰਿਕ

   (*iii*) ਖੇੜਾ – ਭਾਈ ਵੀਰ ਸਿੰਘ ।

P.T.O.

2. ਹਰਚਰਨ ਸਿੰਘ ਦੇ ਨਾਟਕ 'ਅੱਜ, ਕਲ੍ਹ ਤੇ ਭਲ੍ਹਕ' ਭ੍ਰਿਸ਼ਟ ਸਮਾਜ ਦੀ ਤਸਵੀਰ ਪੇਸ਼ ਕਰਦਾ ਹੈ । ਇਸ ਕਥਨ ਦੀ ਪੁਸ਼ਟੀ ਕਰੋ ।

ਜਾਂ

ਹਰਚਰਨ ਸਿੰਘ ਦੇ ਨਾਟਕ 'ਅੱਜ, ਕਲ੍ਹ ਤੇ ਭਲ੍ਹਕ' ਦਾ ਕਥਾ-ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15

3. ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ ਨੂੰ ਬੈਂਕ ਦੇ ਕਿਸੇ ਕਲਰਕ ਦੇ ਵਰਤਾਓ ਵਿਰੁੱਧ ਸ਼ਿਕਾਇਤੀ ਚਿੱਠੀ ਲਿਖੋ ।

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਅਰਜ਼ੀ ਲਿਖੋ । 10

4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦੱਸੋ :

"ਪ੍ਰਦੂਸ਼ਣ ਹਵਾ ਰਾਹੀਂ, ਮੱਖੀਆਂ ਮੱਛਰਾਂ ਰਾਹੀਂ, ਗੰਦੇ ਵਾਤਾਵਰਨ ਰਾਹੀਂ, ਅਸ਼ੁੱਧ ਪਾਣੀ ਰਾਹੀਂ ਤੇ ਅਨੇਕਾਂ ਹੀ ਅਜਿਹੇ ਹੋਰ ਕਾਰਨਾਂ ਰਾਹੀਂ ਵਾਪਰਦਾ ਹੈ । ਬਹੁਤੀ ਵਾਰ ਗਲੀਆਂ ਸੜੀਆਂ ਸਬਜ਼ੀਆਂ ਅਤੇ ਫਲਾਂ ਤੋਂ ਕੋਈ ਨਾਮੁਰਾਦ ਬਿਮਾਰੀ ਲੋਕਾਂ ਨੂੰ ਚੰਬੜਦੀ ਹੈ । ਪਿੰਡਾਂ ਸ਼ਹਿਰਾਂ ਵਿਚ ਧੂੰਏਂ ਅਤੇ ਮਿੱਟੀ ਦੇ ਇੱਕ ਤਰ੍ਹਾਂ ਨਾਲ ਬੱਦਲ ਵਾਤਾਵਰਣ ਨੂੰ ਧੁੰਦਲਾ ਕਰੀ ਰੱਖਦੇ ਹਨ । ਇਹ ਧੂੰਆਂ ਮੋਟਰ ਗੱਡੀਆਂ ਤੋਂ ਅਤੇ ਖੇਤਾਂ ਵਿਚ ਸਾੜੀ ਗਈ ਫਸਲ ਦੀ ਰਹਿੰਦ-ਖੂੰਹਦ ਤੋਂ ਪੈਦਾ ਹੁੰਦਾ ਹੈ । ਗ਼ੈਰ-ਯੋਜਨਾਬੱਧ ਢੰਗ ਨਾਲ ਲਾਈਆਂ ਸਨਅਤਾਂ 'ਚੋਂ ਨਿਕਲਦਾ ਧੂੰਆਂ ਲੋਕਾਂ ਦੇ ਫੇਫੜਿਆਂ ਵਿਚ ਘਾਤਕ ਬਿਮਾਰੀਆਂ ਪੈਦਾ ਕਰਨ ਦਾ ਕਾਰਣ ਬਣਦਾ ਹੈ । ਅੱਖਾਂ

ਦੀ ਜੋਤ ਧੁੰਦਲੀ ਹੁੰਦੀ ਜਾਂਦੀ ਹੈ , ਜਿੱਥੋਂ ਤੱਕ ਧੂੜ ਦਾ ਸੰਬੰਧ ਹੈ, ਅਕਸਰ ਇਹ ਲਗਦਾ ਹੈ ਕਿ ਅਸੀਂ ਇਨ੍ਹਾਂ ਧੂੜ ਦੇ ਬੱਦਲਾਂ ਵਿਚ ਨਹਾ ਰਹੇ ਹਾਂ । ਅਜਿਹਾ ਲਗਾਤਾਰ ਵਾਪਰਦਾ ਹੈ । ਵਾਤਾਵਰਣ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੈ । ਕੂੜੇ ਅਤੇ ਹੋਰ ਗੰਦ ਮੰਦ ਦੇ ਅੰਬਾਰ ਥਾਂ ਪੁਰ ਥਾਂ ਲੱਗੇ ਨਜ਼ਰ ਆਉਂਦੇ ਹਨ । ਅਜਿਹੇ ਨਰਕ ਵਿਚ ਅਸੀਂ ਜੀਅ ਰਹੇ ਹਾਂ । ਇੰਝ ਲਗਦਾ ਹੈ ਜਿਵੇਂ ਭਾਰਤ ਵਿਚ ਪੈਦਾ ਹੋਇਆ ਵਿਅਕਤੀ ਸਾਰੀ ਉਮਰ ਅਜਿਹਾ ਨਰਕ ਹੰਢਾਉਣ ਲਈ ਆਇਆ ਹੋਵੇ । ਕਿਸੇ ਤਰ੍ਹਾਂ ਦੀ ਕੋਈ ਚੇਤਨਾ ਨਾ ਤਾਂ ਸਮਾਜ ਵਿਚ ਇਸ ਪ੍ਰਤੀ ਦਿਖਾਈ ਦਿੰਦੀ ਹੈ, ਨਾਂ ਹੀ ਸਰਕਾਰਾਂ ਇਸਦੀ ਕੋਈ ਪਰਵਾਹ ਕਰੀਆਂ ਹਨ ।" 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(i) ਪੰਜਾਬੀ ਸ਼ਬਦ ਜੋੜਾਂ ਦੇ ਨਿਯਮ ਲਿਖੋ ।

(ii) ਭਾਸ਼ਾ ਤੇ ਉਪਭਾਸ਼ਾ ਦਾ ਅੰਤਰ ਦੱਸੋ ।

(iii) ਅਧੀਨ ਉਪ-ਵਾਕ ਤੋਂ ਕੀ ਭਾਵ ਹੈ ? ਅਧੀਨ ਉਪਵਾਕ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ ? ਹਰ ਇਕ ਦੀ ਜਾਣਕਾਰੀ ਦਿਉ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾ ਵਿਚ ਲਿਖੋ :

(i) ਨਾਟਕ 'ਅਜ, ਕਲ੍ਹ ਤੇ ਭਲ੍ਹਕ' ਵਿਚ ਭਲਵਾਨ ਤੇ ਜ਼ੈਲਦਾਰ ਉਗਰਾਹੀ ਕਿਉਂ ਕਰਦੇ ਹਨ ?

(*ii*) ਨਾਟਕ 'ਅਜ, ਕਲ੍ਹ ਤੇ ਭਲ੍ਹਕ' ਤੇ ਪ੍ਰਮੁੱਖ ਪਾਤਰਾਂ ਨਾਲ ਜਾਣ-ਪਛਾਣ ਕਰਾਉ ।

(*iii*) ਭਾਈ ਵੀਰ ਸਿੰਘ ਦੇ ਕਵਿਤਾ 'ਕਾਵਿ ਰੰਗ ਸੁੰਦਰਤਾ' ਦਾ ਕੇਂਦਰੀ ਭਾਵ ਕੀ ਹੈ ?

(*iv*) ਦੀਵਾਨ ਸਿੰਘ ਕਾਲੇ ਪਾਣੀ ਦੀ ਕਵਿਤਾ 'ਕੋਹਲੂ' ਵਿਚ ਜੀਵਨ ਬਾਰੇ ਕੀ ਸੁਨੇਹਾ ਦਿੱਤਾ ਗਿਆ ਹੈ ?

(*v*) ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ 'ਕੱਤਕ ਕੂੰਜਾਂ' ਸਾਨੂੰ ਕੀ ਸੰਦੇਸ਼ ਦਿੰਦੀ ਹੈ ? 15